Surrey Schools
LEADERSHIP IN LEARNING

ਪਿਆਰੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ:

ਜਦੋਂ ਅਸੀਂ ਨਵੇਂ ਸਕੂਲ ਸਾਲ ਦੇ ਆਦੀ ਹੋ ਰਹੇ ਹਾਂ, ਉਸ ਸਮੇਂ ਮੈਂ ਇਕ ਪਲ ਲਈ ਬੀ ਸੀ ਦੇ ਸਾਰੇ ਸੂਬੇ ਵਿੱਚ ਗ੍ਰੇਡ 4 ਅਤੇ 7 ਦੇ ਵਿਦਿਆਰਥੀਆਂ ਦੇ ਸਾਲਾਨਾ ਲਏ ਜਾਂਦੇ ਫਾਊਂਡੇਸ਼ਨ ਸਕਿੱਲਜ਼ ਅਸੈੱਸਮੈਂਟ (ਐੱਫ ਐੱਸ ਏ) ਟੈੱਸਟ ਬਾਰੇ ਗੱਲ ਕਰਨਾ ਚਾਹੁੰਦਾ ਹਾਂ।

**ਐੱਫ ਐੱਸ ਏ ਦੇ ਟੈੱਸਟ ਤੁਹਾਡੇ ਬੱਚੇ ਦੇ ਸਕੂਲ ਵਿੱਚ ਸਕੂਲ ਦੇ ਘੰਟਿਆਂ ਦੌਰਾਨ 1 ਅਕਤੂਬਰ ਅਤੇ 10 ਨਵੰਬਰ 2025 ਵਿੱਚਕਾਰ ਲਏ ਜਾਣਗੇ।**

ਸਾਡੇ ਸਕੂਲ ਡਿਸਟ੍ਰਿਕਟ ਦੇ ਵਿਦਿਆਰਥੀਆਂ ਸਮੇਤ ਸਾਰੇ ਸੂਬੇ ਵਿੱਚ ਗ੍ਰੇਡ 4 ਅਤੇ 7 ਦੇ ਸਾਰੇ ਵਿਦਿਆਰਥੀ ਇਹ ਟੈੱਸਟ (ਅਸੈੱਸਮੈਂਟਸ) ਦੇਣਗੇ, ਕਿਉਂਕਿ ਇਹ ਟੈੱਸਟ ਵਿਦਿਆਰਥੀਆਂ ਦੀ ਪੜ੍ਹਨ, ਲਿਖਣ, ਹਿਸਾਬ ਅਤੇ ਸਵੈ-ਮੁੱਲਾਂਕਣ (ਸੈਲਫ ਰਿਫਲੈਕਸ਼ਨ) ਕਰਨ ਦੀ ਯੋਗਤਾ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੇ ਹਨ। ਇਹ ਟੈੱਸਟ ਵਿਦਿਆਰਥੀਆਂ ਨੂੰ ਗ੍ਰੇਡ 10 ਅਤੇ 12 ਵਿੱਚ ਗ੍ਰੈਜੂਏਸ਼ਨ ਲਈ ਲੋੜੀਂਦੇ ਟੈੱਸਟ (ਅਸੈਸਮੈਂਟਸ) ਦੇਣ ਲਈ ਤਿਆਰ ਹੋਣ ਵਿੱਚ ਮਦਦ ਕਰਨ ਵਾਲਾ ਤਜਰਬਾ ਵੀ ਪ੍ਰਦਾਨ ਕਰਦੇ ਹਨ।

ਤੁਹਾਡੇ ਬੱਚੇ ਦੇ ਨਤੀਜੇ ਤੁਹਾਡੇ ਨਾਲ ਗੁਪਤ ਰੂਪ ਵਿੱਚ ਸਾਂਝੇ ਕੀਤੇ ਜਾਣਗੇ ਅਤੇ ਉਹ ਰਿਪੋਰਟ ਕਾਰਡਾਂ ਵਿੱਚ ਸ਼ਾਮਲ ਨਹੀਂ ਹੁੰਦੇ। ਸੂਬਾ ਅਤੇ ਡਿਸਟ੍ਰਿਕਟ ਵਿਦਿਆਰਥੀਆਂ ਦੇ ਸਮੁੱਚੇ ਨਤੀਜਿਆਂ ਨੂੰ ਉਹਨਾਂ ਖੇਤਰਾਂ ਦੀ ਪਛਾਣ ਕਰਨ ਲਈ ਵਰਤਦੇ ਹਨ ਜਿਹਨਾਂ ਵਿੱਚ ਵਾਧੂ ਸਹਾਇਤਾ ਦੀ ਜਾਂ ਜੇ ਲੋੜ ਹੋਵੇ ਤਾਂ ਸੂਬਾਈ ਪਾਠਕ੍ਰਮ ਨੂੰ ਤਬਦੀਲ ਕਰਨ ਦੀ ਲੋੜ ਹੋ ਸਕਦੀ ਹੈ। ਇਸ ਨਾਲ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਪੜ੍ਹਾਈ ਦੀ ਕੁਆਲਟੀ ਵਿੱਚ ਲਗਾਤਾਰ ਸੁਧਾਰ ਕਰਨ ਵਿੱਚ ਮਦਦ ਮਿਲਦੀ ਹੈ।

ਸਕੂਲਾਂ ਦੇ ਪ੍ਰਿੰਸੀਪਲ, ਮਾਪਿਆਂ ਦੀ ਸਲਾਹ ਨਾਲ, ਕਿਸੇ ਵਿਦਿਆਰਥੀ ਨੂੰ ਐੱਫ ਐੱਸ ਏ ਦਾ ਟੈੱਸਟ ਦੇਣ ਤੋਂ ਛੋਟ ਦੇ ਸਕਦੇ ਹਨ, ਜੇ ਉਹ ਵਿਦਿਆਰਥੀ ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਈਲਡ ਕੇਅਰ ਦੀ ਖਾਸ ਕਸਵੱਟੀ `ਤੇ ਪੂਰਾ ਉਤਰਦਾ ਹੋਵੇ, ਜਿਵੇਂ ਕਿ ਉਹ ਵਿਦਿਆਰਥੀ ਜਿਹਨਾਂ ਦੀਆਂ ਨਿੱਜੀ ਸਿੱਖਿਆ ਪਲੈਨਾਂ (ਇਨਡਿਵਿਜੂਅਲ ਐਜੂਕੇਸ਼ਨ ਪਲੈਨਜ਼-ਆਈ ਈ ਪੀਜ਼) ਵਿੱਚ ਸਿੱਖਣ ਲਈ ਅਜਿਹੀਆਂ ਲੋੜਾਂ (ਲਰਨਿੰਗ ਨੀਡਜ਼) ਦਰਜ ਹੋਣ ਜਿਹੜੀਆਂ ਉਹਨਾਂ ਨੂੰ ਟੈੱਸਟ ਦੇਣ ਤੋਂ ਰੋਕਦੀਆਂ ਹਨ, ਅਤੇ ਅੰਗਰੇਜ਼ੀ ਸਿੱਖਣ ਵਾਲੇ ਉਹ ਸਿੱਖਿਆਰਥੀ (ਇੰਗਲਿਸ਼ ਲੈਂਗੂਏਜ ਲਰਨਰਜ਼) ਜਿਹਨਾਂ ਨੂੰ ਸਵਾਲਾਂ ਨੂੰ ਸਮਝਣ ਜਿੰਨੀ ਅੰਗ੍ਰੇਜ਼ੀ ਨਹੀਂ ਆਉਂਦੀ। ਪਰਿਵਾਰਕ ਐਮਰਜੰਸੀਆਂ, ਲੰਮੀ ਬੀਮਾਰੀ ਜਾਂ ਇਸ ਤਰ੍ਹਾਂ ਦੀਆਂ ਖਾਸ ਸਥਿਤੀਆਂ ਵਾਲੇ ਵਿਦਿਆਰਥੀਆਂ ਨੂੰ ਵੀ ਪ੍ਰਿੰਸੀਪਲ ਟੈੱਸਟ ਦੇਣ ਤੋਂ ਛੋਟ ਦੇ ਸਕਦੇ ਹਨ।

ਐੱਫ ਐੱਸ ਏ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਈਲਡ ਕੇਅਰ ਦੇ ਵੈੱਬਸਾਈਟ `ਤੇ ਜਾਉ ਜਾਂ ਸਕੂਲ ਨਾਲ ਸੰਪਰਕ ਕਰੋ।

ਤੁਹਾਡੇ ਵਲੋਂ ਮਿਲਦੇ ਲਗਾਤਾਰ ਸਮਰਥਨ ਲਈ ਧੰਨਵਾਦ।

ਸੱਚੇ ਦਿਲੋਂ,

ਮਾਰਕ ਪੀਅਰਮੇਨ
ਸੁਪਰਡੈਂਟ (ਸੀ ਈ ਓ)